# ਮਾਨਸਿਕ ਅਰੋਗਤਾ, ਰਹਿਤ–ਮਰਿਆਦਾ ਅਤੇ ਖ਼ੁੱਦ–ਮੁੱਖਤਿਆਰੀ ਸੰਕਲਪ

ਇਸ ਲੇਖ ਦੇ ਉਕਤ ਤਿੰਨੇ ਸੰਕਲਪ ਇੱਕ ਹੀ ਸਿਧਾਂਤ ‘ਤੇ ਕੇਂਦ੍ਰਿਤ ਹਨ; ਮਨੁੱਖੀ ਸੁਭਾਹ ਉਪਯੋਗੀ ਗੁਣਾਂ ਉੱਧਮ, ਹੱਕਦਾਰੀ ਅਤੇ ਸਪੁਰਦਗੀ ਨੂੰ ਹਮੇਸ਼ਾ ਕਾਇਮ ਕਰਨਾ ਜਾਂ ਜਾਹਰੀ ਰੱਖਣਾ ਚਾਹੁੰਦਾ ਹੈ, ਜਿਸ ਲਈ ਇਸ ਨੂੰ ਖਾਸ ਮਾਨਸਿਕ ਲੋੜਾਂ ਦੀ ਵੀ ਜ਼ਰੂਰਤ ਹੈ । ਮਾਨਸਿਕ ਵਿਗਿਆਨ ਦੇ ਮਾਹਿਰਾ* ਨੇ ਇਨ੍ਹਾਂ ਲੋੜਾਂ ਵਿਚੋਂ ਖਾਸ ਤਿੰਨਾਂ ਦੀ ਪਛਾਣ ਇਸ ਤਰਾਂ ਕੀਤੀ ਹੈ : ਯੋਗਤਾ, ਸੰਬੰਧਤਾ ਅਤੇ ਸਵੈ–ਨਿਰਣਤਾ । ਇਹ ਲੋੜਾਂ ਸਰਵ–ਵਿਆਪੀ ਹਨ, ਭਾਂਵੇ ਇਨਸਾਨ ਕਿਸੇ ਵੀ ਜੁੱਗ, ਜਾਂ ਸਮਾਜ, ਜਾਂ ਪਾਤ ਨਾਲ ਜੁੜਿਆ, ਜਾਂ ਫ਼ਿਰ ਮਰਦ ਜਾਂ ਇਸਤ੍ਰੀ, ਜਾਂ ਬੱਚਾ, ਜਵਾਨ, ਬਜ਼ੁਰਗ ਵੀ ਕਿਉਂ ਨਾ ਹੋਵੇ । ਲੇਕਿੰਨ, ਇਹ ਗੁਣ ਭਾਵੇਂ ਅੰਧਰੂਨੀ ਪੱਖੋਂ ਕੁਦਰਤੀ ਹਨ, ਪਰ ਇਹ ਆਪਣੇ–ਆਪ ਨਹੀਂ ਪੈਦਾ ਹੁੰਦੇ । ਵਾਤਾਵਰਨ ਸਹੀ ਨਾ ਹੋਣ ਕਾਰਨ ਬਹੁਤੇ ਚੰਗੇ ਸਿੱਟਿਆਂ ਦੀ ਉਮੀਦ ਵੀ ਨਹੀਂ ਰੱਖੀ ਜਾ ਸਕਦੀ । ਕਿਉਂਕਿ ਇਹ ਸਿੱਟੇ ਸਿਰਫ਼ ਇੰਨਸਾਨ ਦੀ ਅੰਦਰਲੀ ਨੀਤੀ (ਮੰਨ) ‘ਤੇ ਹੀ ਨਹੀਂ, ਬਲਕਿ ਬਾਹਰਲੀ ਪ੍ਰੇਰਣਾ (ਜੱਗ)‘ਤੇ ਵੀ ਨਿਰਪਰ ਹਨ । ਜਿਵੇਂ ਜੱਗ ਦੀ ਵੱਡਿਆਈ ਮੰਨ ਦਾ ਹੌਂਸਲਾ ਕੁਦਰਤੀ ਵਧਾਉਂਦੀ ਹੈ ।

ਪਰ ਜਦੋਂ ਮਨੁੱਖ ਬਾਹਰਲੀ ਪ੍ਰੇਰਣਾ ਮੁਤਾਬਿਕ ਹੀ ਚਲਦਾ ਹੈ, ਉਹ ਸਿਰਫ਼ ਆਪਣੀ ਮਾਨਸਿਕ ਅਰੋਗਤਾ ਨਹੀਂ, ਉਹ ਆਪਣੀ ਪਛਾਣ ਅਤੇ ਹੋਂਦ ਨੂੰ ਵੀ ਖਤਰੇ ਵਿਚ ਪਾ ਸਕਦਾ ਹੈ । ਮਾਨਸਿਕ ਦ੍ਰਿੜਤਾ ਜ਼ਿਆਦਾਤਰ ਆਪਣੀ ਹੀ ਯੋਗਤਾ ਅਤੇ ਸਵੈ–ਨਿਰਣੇ ‘ਤੇ ਹੀ ਮਜ਼ਬੂਤ ਜਾਂ ਕਮਜ਼ੋਰ ਨਾਪੀ ਜਾ ਸਕਦੀ ਹੈ । ਲੇਕੰਨ ਤੰਨ ਜਾਂ ਮੰਨ ਦੀ ਦਰੁਸਤੀ ਵੀ ਲਗਾਤਾਰ ਅਭਿਆਸ ਅਤੇ ਸਿਖਲਾਈ ਤੋਂ ਬਿਨਾ ਕਾਇਮ ਨਹੀਂ ਰਹਿ ਸਕਦੀ । ਇਸ ਲਈ ਰਹਿਤ–ਮਰਿਆਦਾ ਸਿੱਖਾਂ ਲਈ ਲਾਜ਼ਮੀ  ਹੈ, ਜਿਸ ਤੋਂ ਬਿਨਾ, ਸਿੱਖ ਦੀ ਮਾਨਸਿਕ ਅਰੋਗਤਾ, ਯੋਗਤਾ ਅਤੇ ਖ਼ੁੱਦ–ਮੁੱਖਤਿਆਰੀ ਸੋਚ ਵੀ ਕਾਇਮ ਨਹੀਂ ਰਹਿੰਦੀ । ਇਸ ਲਈ ਸਿੱਖ ਦੀ ਦੋ ਵੇਲੇ ਦੀ ਅਰਦਾਸ ਅਤੇ ਭਾਈ ਨੰਦ ਲਾਲ ਜੀ ਦੇ ਖਾਲਸਈ ਤਨਖਾਹ–ਨਾਮੇ ਦੀਆਂ ਸਮਾਪਤੀ ਪੰਗਤੀਆਂ ਇਹ ਹਨ:

ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ ਖ਼ੁਆਰ ਹੋਏ ਸਭ ਮਿਲਹਿੰਗੇ ਬਚੇ ਸ਼ਰਨ ਜੋ ਹੋਇ ॥੬੨॥

ਅਵਸੋਸ ਇਹ ਹੈ ਕਿ ਵਰਤਮਾਨ ਸਥਿੱਤੀ ਵਿਚ ਯੋਗਤਾ, ਸੰਬੰਧਤਾ ਅਤੇ ਸਵੈ–ਨਿਰਣਤਾ ਦੇ ਫ਼ਲਸਫ਼ੇ ਤੋਂ ਹੋਈ ਅਣਜਾਣ ਆਮ ਜਨਤਾ ਬਾਹਰਲੀ ਪ੍ਰੇਰਣਾ ਦੇ ਖੋਖਲੇ–ਪਨ ਅਤੇ ਨੱਸ਼ਿਆਂ ਦੇ ਰੋਗਾਂ ਵਿਚ ਘਿਰ ਗਈ, ਜਿਸ ਲਈ ਖਾਸ ਤੌਰ ‘ਤੇ ਆਪਣੇ ਹੀ ਲਾਪਰਵਾ ਅਤੇ ਨਾਲਾਇਕ ਅਖੌਤੀ ਸਿਆਸੀ ਅਤੇ ਧਾਰਮਿਕ ਨੁਮਾਇੰਦੇ ਜ਼ਿਮੇਦਾਰ ਹਨ, ਜਿਨ੍ਹਾਂ ਨੇ ਬਾਹਰਲੇ ਦਬੱਾ ਹੇਠ ਖ਼ੁੱਦ–ਮੁਖਤਿਆਰੀ ਅਤੇ ਅੰਮ੍ਰਿਤ–ਪਰਚਾਰ ਉਤੇ ਪਹਿਰਾ ਜਾਣ–ਬੁੱਝ ਕੇ ਨਹੀਂ ਦਿੱਤਾ । ਕੀ ਅੱਜ ਸਿੱਖਾਂ ਦੀ ਬੰਜਰ ਹੁੰਦੀ ਜਾ ਰਹੀ ਸਰਜ਼ਮੀਨ ‘ਪੰਜਾਬ’ ਅਤੇ ਇਸ ਦੇ ਆਬ ਖੋਇ ਜਾਣ ਪਿੱਛੋਂ, ਇਸ ਦੇ ਬਜ਼ੁਰਗ, ਖ਼ੁੱਦ–ਕੁਸ਼ੀਆਂ, ਇਸ ਦੇ ਨੌਜਵਾਨ, ਨੱਸ਼ਿਆਂ, ਅਤੇ ਬੱਚੇ–ਬੱਚੀਆਂ ਖ਼ੁੱਦ ਮਾ–ਪਿਆਂ ਵੱਲੋਂ ਹੱਥਿਆ, ਸਭ ਗੈਰ–ਯੋਗਤਾ, ਗੈਰ–ਸੰਬੰਧਤਾ ਅਤੇ ਗੈਰ–ਮੁੱਖਤਿਆਰੀ ਦੀ ਮਿਸਾਲ ਨਹੀਂ ਬੋਲਦੇ? ਕੀ ਇਹ ਉਹ ਹੀ ਕੌਮ ਪਛਾਣੀ ਜਾ ਸਕਦੀ ਹੈ ਜਿਸ ਨੇ ਮੁਗ਼ਲ ਅਤੇ ਫ਼ਰੰਗੀ ਸਾਮਰਾਜਾਂ ਦਾ ਖਾਤਮਾ ਕੀਤਾ ਸੀ, ਜਾਂ ਮੌਜੂਦਾ ਸੰਘਰਸ਼ ਦੌਰਾਨ ਭਾਰਤੀ ਪ੍ਰਧਾਨ ਮੰਤਰੀ, ਸੈਨਾਪਤੀ, ਅਤੇ ਇਸ ਦੇ ਪੰਜਾਬ ਮੁੱਖ ਮੰਤਰੀ ਨੂੰ ਪਰਲੋਕ ਭੇਜ ਕੇ ਆਪਣੀ ਆਤਮ ਸੁਰੱਖਿਆ ਕਾਇਮ ਰੱਖੀ ?



*ਇਹ ਫ਼ਲਸਫ਼ਾ ਡਾ: ਸੁਰਿੰਦਰ ਕੌਰ ਜੀ (੨/੩/੧੯੫੫–੧੫/੩/੨੦੧੦) ਨੇ ਆਪਣੀ ਖੋਜ ਮੁਤਾਬਿਕ ਆਪਣੇ ਲੰਡਨ ਦੇ ਕਲੀਨਕ ਵਿਚ ਵਿਗਆਨਿਕ ਤੌਰ ਤੇ ਵੀ ਸਾਬਤ ਕੀਤਾ, ਜਿੱਥੇ ਮਾਨਸਿਕ ਪਰੇਸ਼ਾਨੀ ਦੇ ਘਿਰੇ ਕਈ ਮਰੀਜ਼ਾਂ ਨੇ ਰਵਾਇਤੀ ਇਲਾਜ਼ਾਂ ਤੋਂ ਹਾਰ ਖਾ ਕੇ ਆਪਣਾ ਇਲਾਜ਼ ਮਾਨਸਿਕ ਅਭਆਸਾਂ ਰਾਂਹੀਂ ਕਰਵਾਇਆ । ਆਧੁਨਿਕ ਤਰੀਕਿਆਂ (EEG) ਨਾਲ ਦਿਮਾਗੀ ਲਹਿਰਾਂ ਨੂੰ ਨਾਪ ਕੇ ਕਮਜ਼ੋਰ ਨੁਕਤਿਆਂ ਨੂੰ ਉਲੇਖਣ ਪਿੱਛੋਂ ਇਨ੍ਹਾਂ ਦਾ ਇਲਾਜ਼ ਕੀਤਾ ਜਾਂਦਾ ਸੀ, ਜਿਸ ਦਾ ਸਿਮਰਨ–ਜਾਪ ਵੀ ਇਕ ਖਾਸ ਪੱਖ ਸੀ । ਜਿੱਥੇ ਇਹ ਵਿਧੀ ਇਕ ਦੇਹਾਕੇ ਪਹਿਲੇ ਨਵੀਂ ਕਾਢ ਹੀ ਮੰਨੀ ਜਾਂਦੀ ਸੀ, ਇਸ ਦੀ ਸਮਰੱਥਾ ਇਤਨੀ ਵੱਧ ਗਈ ਹੈ ਕਿ ਅੱਜ ਇਹ ਰਸਮੀ ਇਲਾਜ ਮੰਨਿਆ ਜਾਂਦਾ ਹੈ । ਇੱਥੇ ਜ਼ਿਕਰ–ਯੋਗ ਹੈ ਕਿ ਡਾ: ਸੁਰਿੰਦਰ ਕੌਰ ਜੀ ਆਪ ਕੈਂਸਰ ਦੇ ਮਰੀਜ਼ ਹੋਣ ਦੇ ਬਾਵਜੂਦ ਵੀ ਅੰਮ੍ਰਿਤਧਾਰੀ ਸਨ ਅਤੇ ਰਹਿਤ–ਮਰਿਆਦਾ ਵਿਚ ਆਖਰੀ ਦਮਾਂ ਤੱਕ ਪਰਪੱਖ ਰਹੇ ।